This question paper contains 4 printed pages]

*Your Roll No*..........................

**908**

**B.A. (PROGRAMME)/II** **D**

PUNJABI DISCIPLINE—Paper II

**(Compulsory)**

(Admissions of 2004/2006 and after in respect of the students of regular colleges/NCWEB)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ:- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਦੋ** ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ: 15

(i) "ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ
ਉਦੋਂ ਤੇਗ ਤਲਵਾਰ ਵੀ ਮਿਆਨ ਨਾ ਰਹੇ
ਐਸੀ ਵੱਗੀ ਏ ਹਵਾ, ਅਸੀਂ ਅਖੀਂ ਵੇਖਿਆ
ਜਿੰਦ ਜਾਨ ਕਹਿਣ ਵਾਲੇ ਜਾਨ ਨਾ ਰਹੇ
ਨਹੀਂ ਰੁਕੀਆਂ ਹਵਾਵਾਂ ਅਜੇ ਮਾਣ ਮੱਤੀਆਂ
ਅਜੇ ਬਾਲ ਨਾ ਬਨੇਰਿਆਂ ਤੇ ਮੋਮਬੱਤੀਆਂ
ਲੰਘ ਜਾਣ ਦੇ ਬਜਾਰਾਂ 'ਚੋਂ ਹਵਾਵਾਂ ਤੱਤੀਆਂ।"

P.T.O.

(ii) "ਸ਼ਰਧਾ ਬਣੀ ਅਫੀਮ ਜੁਗਾਂ ਦੀ
ਸੜ ਸੜ ਮੋਏ ਸ਼ਹੀਦ ਅਨੇਕਾਂ
ਲੜ ਲੜ ਹੁੱਟੇ ਗ਼ਾਜ਼ੀ,
ਸਿਦਕ ਦੀ ਖ਼ਾਤਰ, ਪਰਮ ਦੀ ਖ਼ਾਤਰ
ਲਾਈ ਜਿਨ੍ਹਾਂ ਨੇ ਬਾਜ਼ੀ,
ਪਰ ਨਾ ਆਪਣਾ ਟਲੀ ਮਨੁੱਖ ਦੀ
ਸਦੀਆਂ ਦੀ ਬੀਮਾਰ ਮਨੁੱਖਤਾ
ਹੋ ਨਾ ਸਕੀ ਰਾਜ਼ੀ।"

(iii) ਹਨੇਰੀ ਆ ਰਹੀ ਹੈ, ਹਨੇਰੀ
ਇਨਕਲਾਬ ਦੀ, ਤਬਾਹੀ ਦੀ, ਤਬਦੀਲੀ ਦੀ
ਹੇਠਲੀ ਉੱਤੇ ਹੋ ਜਾਏਗੀ ਦਿਸੇਗਾ ਕੁਝ ਨਾ
ਸਿਆਣ ਨਾ ਰਹੇਗੀ ਕਿਸੇ ਨੂੰ ਕਿਸੇ ਦੀ
ਕੀਮਤਾਂ ਸਭ ਬਦਲੀਆਂ ਜਾਵਸਨ।

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਦੋ** ਕਵਿਤਾਵਾਂ ਦੇ ਵਿਸ਼ੇ ਬਾਰੇ ਚਰਚਾ ਕਰੋ:

(i) "ਖੇੜਾ" - ਭਾਈ ਵੀਰ ਸਿੰਘ

(ii) "ਕੱਤਕ ਕੂੰਜਾਂ" - ਪ੍ਰੀਤਮ ਸਿੰਘ ਸਫ਼ੀਰ

(iii) "ਸੜਕ ਦੇ ਸਫ਼ੇ ਉੱਤੇ" - ਹਰਿਭਜਨ ਸਿੰਘ

(iv) "ਚੀਕ-ਬੁਲਬੁਲੀ" - ਸੋਹਣ ਸਿੰਘ ਮੀਸ਼ਾ

2. ਹਰਚਰਨ ਸਿੰਘ ਰਚਿਤ ਨਾਟਕ "ਕੱਲ, ਅੱਜ ਤੇ ਭਲਕ" ਦਾ ਆਲੋਚਨਾਤਮਕ ਅਧਿਐਨ ਕਰੋ। 15

**ਜਾਂ**

ਕੀ "ਕੱਲ, ਅੱਜ ਤੇ ਭਲਕ" ਨਾਟਕ ਆਪਣੇ ਸਿਰਲੇਖ ਅਨੁਸਾਰ ਢੁਕਵਾਂ ਹੈ? ਵਿਸ਼ੇ ਦੇ ਅਧਾਰ 'ਤੇ ਸਪਸ਼ਟ ਕਰੋ।

3. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰ ਕੇ ਲਿਖੋ ਤੇ ਢੁਕਵਾਂ ਸਿਰਲੇਖ ਵੀ ਦਿਉ: 10

ਚੰਗਾ ਦਿਮਾਗ਼ ਤੇ ਚੰਗਾ ਦਿੱਲ ਅਰੋਗ ਸ਼ਰੀਰ ਵਿੱਚ ਹੀ ਰਹਿ ਸਕਦੇ ਹਨ। ਜਿਸ ਮਨੁਖ ਦਾ ਸ਼ਰੀਰ ਢਿੱਲਾ ਹੈ ਉਸ ਮਨੁੱਖ ਦਾ ਦਿਮਾਗ਼ ਵੀ ਕੁਝ ਸਮਾ ਪਾ ਕੇ ਢਿੱਲਾ ਹੋ ਜਾਂਦਾ ਹੈ। ਉਹੀ ਮਨੁੱਖ ਪੂਰਨ ਆਖਿਆ ਜਾ ਸਕਦਾ ਹੈ ਜਿਸ ਦਾ ਸ਼ਰੀਰ, ਦਿਮਾਗ਼ ਤੇ ਮਨ ਪੂਰੀ ਤਰ੍ਹਾਂ ਵਿਕਸਿਤ ਹੋਣ। ਜਿੱਥੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਸ਼ਰੀਰ ਨੂੰ ਸਿਹਤਮੰਦ ਰੱਖਣ ਲਈ ਅਤਿ ਲੋੜੀਂਦੀਆਂ ਹਨ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈਣਾ ਚਾਹਿਦਾ ਹੈ। ਖੇਡਾਂ ਨਿਰਾ ਸ਼ਰੀਰ ਨੂੰ ਹੀ ਅਰੋਗ ਨਹੀਂ ਕਰਦੀਆਂ ਬਲਕਿ ਆਦਮੀ ਦੇ ਆਚਰਣ ਨੂੰ ਵੀ ਸੰਵਾਰਦੀਆਂ ਹਨ। ਕੁਰਬਾਨੀ, ਜਬਤ ਤੇ ਹੁਕਮ ਮੰਨਣ ਦੇ ਗੁਣ ਖਿਡਾਰੀ ਵਿਚ ਭਰੇ ਜਾਂਦੇ ਹਨ। ਖੇਡਾਂ ਨਾਲ ਵਿਦਿਆਰਥੀਆਂ ਅੰਦਰ ਟਾਕਰੇ ਦੀ ਹਿੰਮਤ ਤੇ ਮੁਕਾਬਲੇ ਦਾ ਸਾਹਸ ਪੈਦਾ ਹੋ ਜਾਂਦਾ ਹੈ ਤੇ ਉਹ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਮੁਸੀਬਤਾਂ ਸਾਹਮਣੇ ਹੌਂਸਲੇ ਨਾਲ ਡੱਟ ਕੇ ਖਲੋ ਜਾਂਦੇ ਹਨ ਤੇ ਉਨ੍ਹਾਂ ਉਪਰ ਫਤਹਿ ਪਾ ਲੈਂਦੇ ਹਨ। ਖੇਡਾਂ ਉਹ ਕੁਝ ਸਿਖਾਉਂਦੀਆਂ ਹਨ ਜੋ ਨਿਰੀ ਪੜ੍ਹਾਈ ਨਹੀਂ ਸਿਖਾ ਸਕਦੀ।

4. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਪੱਤਰ ਲਿਖ ਕੇ ਕਾਲਜ ਦੀ ਲਾਇਬ੍ਰੇਰੀ ਦੇ ਇੰਤਜ਼ਾਮ ਅਤੇ ਕਰਮਚਾਰੀਆਂ ਦੇ ਬੁਰੇ ਵਿਵਹਾਰ ਤੋਂ ਜਾਣੂ ਕਰਵਾਓ। 10

**ਜਾਂ**

ਅਖ਼ਬਾਰ ਦੇ ਸੰਪਾਦਕ ਨੂੰ ਪਰੂਫ਼ ਰੀਡਰ ਦੀ ਅਸਾਮੀ ਲਈ ਬਿਨਤੀ ਪੱਤਰ ਲਿਖੋ।

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ **ਦੋ** ਦੇ ਉੱਤਰ ਦਿਓ: 10

(i) ਵਾਕ ਅਤੇ ਉਪਵਾਕ ਦਾ ਅੰਤਰ **ਦੋ** ਉਦਾਹਰਣਾਂ ਦੇ ਕੇ ਸਪੱਸ਼ਟ ਕਰੋ।

(ii) ਕਾਰਕਾਂ ਦੇ ਨਾਂ ਲਿਖ ਕੇ ਉਹਨਾਂ ਦੇ ਕਾਰਕ ਚਿੰਨ੍ਹ ਵੀ ਲਿਖੋ।

(iii) ਸਧਾਰਨ-ਵਾਕ ਤੇ ਸੰਯੁਕਤ-ਵਾਕ ਦਾ ਅੰਤਰ ਦੱਸੋ ਅਤੇ ਕੋਈ **ਦੋ** ਸੰਯੁਕਤ-ਵਾਕ ਲਿਖੋ।

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ: 15

(i) ਮਹੰਤ ਚਰਨਦਾਸ ਦੇ ਡੇਰੇ ਵਿੱਚ ਕੀ ਕੁਝ ਕੀਤਾ ਜਾਂਦਾ ਸੀ।

(ii) "ਭਾਈ ਵੀਰ ਸਿੰਘ ਇਕ ਅਧਿਆਤਮਵਾਦੀ ਕਵੀ ਹੈ।" ਇਸ ਕਥਨ ਦੀ ਪੁਸ਼ਟੀ ਕਰੋ।

(iii) 'ਅੰਨਦਾਤਾ' ਕਿਸ ਕਵੀ ਦੀ ਰਚਨਾ ਹੈ? ਇਸ ਕਵਿਤਾ ਦਾ ਮੁੱਖ ਵਿਸ਼ਾ ਕੀ ਹੈ? ਸੰਖੇਪ ਵਿੱਚ ਉੱਤਰ ਦਿਓ।

(iv) ਨਾਟਕ 'ਕੱਲ, ਅੱਜ ਤੇ ਭਲਕ' ਸਿਰਲੇਖ ਤੋਂ ਕੀ ਭਾਵ ਹੈ?

(v) ਭਾਈ ਵੀਰ ਸਿੰਘ ਨੇ 'ਖੇੜਾ' ਕਵਿਤਾ ਵਿੱਚ ਕਿਸ ਦੇ ਭਾਵਾਂ ਨੂੰ ਪੇਸ਼ ਕੀਤਾ ਹੈ ਤੇ ਕਿਉਂ?